# ਡਾਇਰੈਕਟਰ ਜਨਰਲ ਸਕੂਲ ਸਿੱਖਿਆ – ਕਮ –
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਪੰਜਾਬ

**ਐਸ.ਸੀ.ਓ. – 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 – ਏ, ਚੰਡੀਗੜ੍ਹ।**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.), ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.), ਪੰਜਾਬ
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ

ਮੀਮੋ ਨੰ: 2009/ਸਸਅ/ਕੋਆਰਡੀਨੇਸ਼ਨ/55241-300
ਮਿਤੀ: ਚੰਡੀਗੜ੍ਹ ਮਿਤੀ:-28-07-09

**ਵਿਸ਼ਾ : ਜ਼ਿਲ੍ਹਾ ਨਿਰੀਖਣ ਟੀਮ ਵਲੋਂ ਜ਼ਿਲ੍ਹੇ ਦੇ ਸਕੂਲਾਂ ਵਿੱਚ ਕੀਤੇ ਜਾਣ ਵਾਲੇ ਨਿਰੀਖਣਾਂ ਸਬੰਧੀ ਹਦਾਇਤਾਂ**

ਜ਼ਿਲ੍ਹਾ ਪੱਧਰ ਤੇ ਸਕੂਲਾਂ ਦੇ ਨਿਰੀਖਣ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰਾਂ ਅਧੀਨ 7 ਮੈਂਬਰੀ ਨਿਰੀਖਣ ਟੀਮ ਦਾ ਗਠਨ ਕੀਤਾ ਗਿਆ ਹੈ ਜਿਸ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ:

| | |
|---|---|
| 1. | ਸਾਇੰਸ ਲੈਕਚਰਾਰ/ ਅਧਿਆਪਕ |
| 2. | ਮੈਥ ਲੈਕਚਰਾਰ/ ਅਧਿਆਪਕ |
| 3. | ਸ਼ਮਾਜਿਕ ਸਿੱਖਿਆ ਲੈਕਚਰਾਰ/ ਅਧਿਆਪਕ |
| 4. | ਅੰਗ੍ਰੇਜੀ ਲੈਕਚਰਾਰ / ਅਧਿਆਪਕ |
| 5. | ਪੰਜਾਬੀ ਲੈਕਚਰਾਰ/ ਅਧਿਆਪਕ |
| 6. | ਹਿੰਦੀ ਲੈਕਚਰਾਰ/ ਅਧਿਆਪਕ |
| 7. | ਕੰਪਿਊਟਰ ਅਧਿਆਪਕ |

ਉਪਰੋਕਤ ਟੀਮਾਂ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਅਚਨਚੇਤ ਅਤੇ ਸਾਲਾਨਾ ਨਿਰੀਖਣ ਕਰਨਗੀਆਂ। ਨਿਰੀਖਣ ਲਈ ਦੋ ਤਰ੍ਹਾਂ ਦੇ ਪ੍ਰੋਫਾਰਮੇ ਦਿੱਤੇ ਜਾਣਗੇ:

1) ਅਚਨਚੇਤ ਨਿਰੀਖਣ ਪ੍ਰੋਫਾਰਮਾ
2) ਸਾਲਾਨਾ ਨਿਰੀਖਣ/ ਮੋਨੀਟਰਿੰਗ ਪ੍ਰੋਫਾਰਮਾ

ਇਨ੍ਹਾਂ ਨਿਰੀਖਣ ਟੀਮਾਂ ਵਲੋਂ ਹਰ ਮਹੀਨੇ ਜ਼ਿਲ੍ਹੇ ਦੇ 30 ਸਕੂਲਾਂ ਦਾ ਨਿਰੀਖਣ ਅਤਿ ਜਰੂਰੀ ਹੈ। ਇਸ ਨਿਰੀਖਣ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

ਹਰ ਜ਼ਿਲ੍ਹੇ ਦੀ ਨਿਰੀਖਣ ਟੀਮ ਮਹੀਨੇ ਦੀ 5 ਤਾਰੀਖ ਤੱਕ ਸੈਕੰਡਰੀ ਅਤੇ ਐਲੀਮੈਂਟਰੀ ਸਕੂਲਾਂ ਦੇ ਕੀਤੇ ਗਏ ਨਿਰੀਖਣਾਂ ਦੀ ਰਿਪੋਰਟ ਇਸ ਦਫ਼ਤਰ ਦੇ ਸਾਇੰਸ/ਮੈਥ ਸੈੱਲ ਨੂੰ ਭੇਜੇਗੀ।

ਨਿਰੀਖਣ ਰਿਪੋਰਟ ਸਬੰਧਤ ਪ੍ਰੋਫਾਰਮੇ ਤੇ ਹੀ ਭੇਜੀ ਜਾਵੇ।

ਤੁਰੰਤ ਕੀਤੀ ਜਾਣ ਵਾਲੀ ਕਾਰਵਾਈ ਸਬੰਧੀ ਈ-ਮੇਲ ਜਾਂ ਫੈਕਸ ਰਾਹੀਂ ਜਾਂ ਮੋਬਾਈਲ ਨੰ. 98147-48087, 99156-20856 ਤੇ ਉਸੇ ਦਿਨ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

ਹਰੇਕ ਨਿਰੀਖਣ ਰਿਪੋਰਟ ਅਗਾਊਂ ਪੱਤਰ ਨਾਲ ਭੇਜੀ ਜਾਵੇ ਜਿਸ ਵਿੱਚ ਦਫ਼ਤਰ ਦਾ ਮੀਮੋ ਨੰ. ਅਤੇ ਮਿਤੀ ਜ਼ਰੂਰ ਦਰਜ ਹੋਵੇ

ਇੰਡੈਕਸ ਵਾਲੇ ਨੱਥੀ ਪ੍ਰੋਫਾਰਮੇ ਅਨੁਸਾਰ ਸਕੂਲ ਦਾ ਨਾਂ, ਟਿੱਪਣੀ ਅਤੇ ਕੀਤੀ ਜਾਣ ਵਾਲੀ ਕਾਰਵਾਈ ਦਰਜ ਕਰਕੇ ਭੇਜੀ ਜਾਵੇ। ਸਕੂਲ ਮੁੱਖੀ ਦਾ ਨਾਂ ਅਤੇ ਜੇਕਰ ਇੰਚਾਰਜ਼ ਮੁੱਖੀ ਹੋਵੇ ਤਾਂ ਅਸਲ ਅਹੁਦਾ ਵੀ ਦਰਜ ਕੀਤਾ ਜਾਵੇ।

ਰਿਪੋਰਟ ਭੇਜਣ ਸਮੇਂ ਆਪਣੇ ਜ਼ਿਲ੍ਹੇ ਵਿੱਚ ਨਿਰੀਖਣ ਕੋਆਰਡੀਨੇਟਰ ਨਾਲ ਪੂਰਾ ਤਾਲਮੇਲ ਬਣਾਇਆ ਜਾਵੇ ਅਤੇ ਜ਼ਿਲ੍ਹੇ ਵਿੱਚ ਕੀਤੇ ਗਏ ਹਰ ਨਿਰੀਖਣ ਦਾ ਰਿਕਾਰਡ ਉਸ ਕੋਲ ਉਪਲਭਧ ਹੋਣਾ ਚਾਹੀਦਾ ਹੈ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਹਰ ਨਿਰੀਖਣ ਰਿਪੋਰਟ ਉੱਤੇ ਸਬੰਧਤ ਸਕੂਲ ਮੁੱਖੀ ਦੇ ਹਸਤਾਖਰ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਪ੍ਰਤੀ ਹਸਤਾਖਰ ਜਰੂਰ ਹੋਣੇ ਚਾਹੀਦੇ ਹਨ। ਇਸ ਤੋਂ ਬਿਨਾਂ ਰਿਪੋਰਟ ਸਵੀਕਾਰ ਨਹੀਂ ਕੀਤੀ ਜਾਵੇਗੀ।

ਕੰਪਲਾਈਸ ਦੀ ਕਾਰਵਾਈ ਤੁਰੰਤ ਕਰਕੇ ਰਿਪੋਰਟ ਭੇਜਣ ਸਮੇਂ ਇਸ ਦਫ਼ਤਰ ਦੇ ਪੱਤਰ ਦਾ ਹਵਾਲਾ ਪੂਰਾ-ਪੂਰਾ ਅਤੇ ਸਹੀ ਢੰਗ ਨਾਲ ਲਿਖਿਆ ਜਾਵੇ।

ਨਿਰੀਖਣ ਕਰਨ ਉੱਤੇ ਆਏ ਖਰਚੇ REMS ਵਿੱਚੋਂ ਹੋਣਗੇ ਅਤੇ ਇਸ ਸਬੰਧੀ ਜ਼ਿ.ਸਿ.ਅ. (ਐ.ਸਿ.) ਨਾਲ ਤਾਲਮੇਲ ਬਣਾਇਆ ਜਾਵੇ ਜੀ।

ਪ੍ਰੋਫਾਰਮੇ ਦਾ ਹਰੇਕ ਖਾਨਾ ਭਰਿਆ ਹੋਣਾ ਚਾਹੀਦਾ ਹੈ।
ਟਿੱਪਣੀ ਵਿੱਚ ਸਕੂਲਾਂ ਦੇ ਸਿੱਖਿਆ ਦੇ ਮਿਆਰ ਸਬੰਧੀ ਖਾਸ ਜ਼ਿਕਰ ਹੋਣਾ ਚਾਹੀਦਾ ਹੈ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ'।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: 2009/ਸਸਅ/ਕੋਆਰਡੀਨੇਸ਼ਨ/55301-305 ਮਿਤੀ :28.07.09

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਡੀ.ਪੀ.ਆਈ. (ਐ.ਸਿ.), ਪੰਜਾਬ।
3) ਮੰਡਲ ਸਿੱਖਿਆ ਅਫ਼ਸਰ, ਜਲੰਧਰ, ਪੰਜਾਬ।
4) ਮੰਡਲ ਸਿੱਖਿਆ ਅਫ਼ਸਰ, ਨਾਭਾ, ਪੰਜਾਬ।
5) ਮੰਡਲ ਸਿੱਖਿਆ ਅਫ਼ਸਰ, ਫਰੀਦਕੋਟ, ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।